ਸਫ਼ਾ 1 ਦੀਆਂ ਬਾਕੀਆਂ

ਸ੍ਰੀ ਅਨੰਦਪੁਰ ਸਾਹਿਬ ਵਿਖੇ ਤਿੰਨ ਰੋਜ਼ਾ ਹੋਲਾ-ਮਹੱਲਾ ਦੀ ਅਰੰਭਤਾ ਅੱਜ

ਸਿਹਤ ਸੇਵਾਵਾਂ ਦੇ ਪੁਖਤਾ ਪ੍ਰਬੰਧਾਂ ਨੂੰ ਅੰਤਮ ਛੋਹਾਂ ਦਿਤੀਆਂ ਜਾ ਚੁੱਕੀਆਂ ਹਨ। ਉਨ੍ਹਾਂ ਦਸਿਆ ਕਿ ਭਲਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸਵੇਰੇ 9 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਦੇ ਨਾਲ ਹੋਲਾ ਮਹੱਲਾ ਦੇ ਦੂਜੇ ਪੜਾਅ ਦਾ ਆਗਾਜ਼ ਹੋਵੇਗਾ ਅਤੇ 15 ਮਾਰਚ ਨੂੰ ਸਵੇਰੇ 8 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਦੀਵਾਨ ਸਜਣਗੇ।

ਸ੍ਰੀ ਕੀਰਤਪੁਰ ਸਾਹਿਬ ਵਿਖੇ ਪਹਿਲੇ ਪੜਾਅ ਦਾ ਮੇਲਾ ਜਾਰੋ-ਜਲਾਲ ਨਾਲ ਸਮਾਪਤ

ਸੰਗਤਾਂ ਨਾਲ ਧਾਰਮਕ ਵਿਚਾਰਾਂ ਦੀ ਸਾਂਝ ਪਾਉਂਦੇ ਹੋਏ ਹੋਲਾ ਮਹੱਲਾ ਮੇਲੇ ਦੀ ਆਰੰਭਤਾ ਇਤਿਹਾਸ ਬਾਰੇ ਸੰਗਤਾਂ ਨੂੰ ਜਾਣਕਾਰੀ ਦਿਤੀ। ਮੇਲੇ ਦੌਰਾਨ ਖੰਡਾ ਫੋਰਜ ਆਉਣ ਵਾਲੀ ਸੰਗਤ ਲਈ ਵੱਖ ਵੱਖ ਧਾਰਮਕ ਜਥੇਬੰਦੀਆਂ ਵਲੋਂ ਵੱਖ ਵੱਖ ਥਾਵਾਂ ਤੇ ਗੁਰੂ ਦੇ ਲੰਗਰ ਲਗਾਏ ਗਏ। ਹੋਲਾ ਮਹੱਲਾ ਮੇਲੇ ਦੌਰਾਨ ਪੁਖ਼ਤਾਨ ਵਲੋਂ ਸੰਗਤ ਦੀ ਸੁਰਖ਼ਤ ਲਈ ਪੁਖਤਾ ਪ੍ਰਬੰਧ ਕਰਨ ਦਾ ਦਾਅਵਾ ਕੀਤਾ ਜਾ ਰਿਹਾ ਹੈ। ਸ੍ਰੀ ਅਨੰਦਪੁਰ ਸਾਹਿਬ ਦੀ ਸਾਈਡ ਤੋਂ ਸ੍ਰੀ ਕੀਰਤਪੁਰ ਸਾਹਿਬ ਆਉਣ ਵਾਲੀ ਸੰਗਤ ਨੂੰ ਗੁਰਦੁਆਰਾ ਪ੤ਾਲਪੁਰੀ ਸਾਹਿਬ ਚੌਕ ਨੂੰ ਪੁਲਿਸ ਵਲੋਂ ਬੰਦ ਕੀਤੇ ਹੋਣ ਕਰਨ ਸੰਗਤ ਨੂੰ ਦੋ ਕਿਲੋਮੀਟਰ ਦਾ ਵਾਧੂ ਸਫ਼ਰ ਤੈਅ ਕਰ ਕੇ ਅੱਗੇ ਪਿੰਡ ਭਾਦੀ ਤੋਂ ਮੁੜ ਕੇ ਵਾਪਸ ਗੁਰਦੁਆਰਾ ਪ੤ਾਲਪੁਰੀ ਸਾਹਿਬ ਨੂੰ ਆਉਣਾ ਪੈ ਰਿਹਾ ਹੈ। ਇਸੀ ਤਰ੍ਹਾਂ ਮੰਨ ਬਾਬਾਰ ਸ੍ਰੀ ਕੀਰਤਪੁਰ ਸਾਹਿਬ ਵਿਖੇ ਸਿਹਤ ਧਾਰਮਕ ਸਥਾਨਾਂ ਨੂੰ ਆਉਣ ਜਾਣ ਲਈ ਸਾਰੇ ਪਾਸੇ ਤੋਂ ਰਸਤੇ ਬੰਦ ਹੋਣ ਕਾਰਨ ਸੰਗਤ ਨੂੰ ਅਨੰਦਪੁਰ ਸਾਹਿਬ ਹਾਈਡਲ ਚੋਲਨ ਨਹਿਰ ਦੀਆਂ ਪਟੜੀਆਂ ਰਾਹੀਂ ਗੁਰਦੁਆਰਾ ਸ਼ੀਸ਼ ਮਹਿਲ ਸਾਹਿਬ, ਗੁਰਦੁਆਰਾ ਹਰਮੰਦਰ ਸਾਹਿਬ ਆਦਿ ਦੇ ਦਰਸ਼ਨ ਕਰਨ ਲਈ ਆਉਣਾ ਪੈ ਰਿਹਾ ਹੈ। ਜਿਸ ਕਾਰਨ ਕੁਝ ਅਣਜਾਣ ਸੰਗਤ ਸ੍ਰੀ ਕੀਰਤਪੁਰ ਸਾਹਿਬ ਦੇ ਸਾਰੇ ਗੁਰਦੁਆਰਾਂ ਦੇ ਦਰਸ਼ਨ ਕਰਨ ਤੋਂ ਵਾਂਝੀ ਰਹਿ ਜਾਂਦੀ ਹੈ। ਸਿਰਫ਼ ਗੁਰਦੁਆਰਾ ਪ੤ਾਲਪੁਰੀ ਸਾਹਿਬ, ਗੁਰਦੁਆਰਾ ਬਾਬਾ ਗੁਰਦਿੱਤਾ ਜੀ ਤੇ ਦਰਗਾਹ ਬਾਬਾ ਬੁੱਢਣ ਸ਼ਾਹ ਜੀ ਦੀ ਸਾਈਡ ਹੀ ਮੱਥਾ ਟੇਕਣ ਲਈ ਆਉਣ ਵਾਲੀ ਸੰਗਤ ਦੀ ਜਿਆਦਾ ਆਮਦ ਦਿਖਾਈ ਦਿੰਦੀ ਹੈ। ਕੁੱਝ ਸੰਗਤ ਪੈਦਲ ਹੀ ਪੌੜੀਆਂ ਵਾਲੇ ਰਸਤੇ ਗੁਰਦੁਆਰਾ ਬਾਬਾ ਗੁਰਦਿੱਤਾ ਜੀ ਅਤੇ ਦਰਗਾਹ ਪੀਰ ਬਾਬਾ ਬੁੱਢਣ ਸ਼ਾਹ ਜੀ ਨੂੰ ਮੱਥਾ ਟੇਕਣ ਲਈ ਜਾ ਰਹੇ ਹਨ। ਚੁਗਾਹ ਬਾਬਾ ਬੁੱਢਣ ਸ਼ਾਹ ਜੀ ਦੇ ਮਹੰਤ ਸੋਹਤਮਿਮ ਬਾਬਾ ਦਿਲਬਾਗ ਸ਼ਾਹ ਨੇ ਦਸਿਆ ਕਿ ਸਾਡੇ ਵਲੋਂ ਸੰਗਤ ਲਈ 24 ਘੰਟੇ ਲੰਗਰ ਚਲਾਇਆ ਜਾ ਰਿਹਾ ਹੈ।

ਮਹਿਗਿਆਈ ਦਰ 7 ਮਹੀਨਿਆਂ ਦੇ ਸਭ ਤੋਂ ਹੇਠਲੇ ਪੱਧਰ 'ਤੇ ਆਈ

ਫ਼ਰਵਰੀ ਦੀ ਪ੍ਰਮੁੱਖ ਅਤੇ ਖ਼ੁਰਾਕ ਮਹਿਗਾਈ 'ਚ ਮਹੱਤਵਪੂਰਣ ਗਿਰਾਵਟ ਦਾ ਕਾਰਨ ਸਬਜ਼ੀਆਂ, ਆਂਡੇ, ਮੀਟ, ਮੰਛੀ, ਦਾਲਾਂ ਅਤੇ ਦੁੱਧ ਦੀਆਂ ਕੀਮਤਾਂ ਘਟਣਾ ਹੈ। ਫ਼ਰਵਰੀ 'ਚ ਸਾਲ-ਦਰ-ਸਾਲ ਸੰਭ ਤੋਂ ਘੱਟ ਮਹਿਗਾਈ ਵਾਲੀਆਂ ਪ੍ਰਮੁੱਖ ਚੀਜ਼ਾਂ 'ਚ ਅਦਰਕ (-35.81%), ਜੀਰਾ (-28.77%), ਅਤੇ ਟਮਾਟਰ (-28.51%) ਸ਼ਾਮਲ ਸਨ, ਜਦਕਿ ਸੰਭ ਤੋਂ ਵੱਧ ਮਹਿਗਾਈ ਵਾਲੀਆਂ ਚੀਜ਼ਾਂ ਨਾਰੀਅਲ 36% (54.48%), ਨਾਰੀਅਲ (41.61%), ਸੋਨਾ (35.56%), ਚਾਂਦੀ (30.89%) ਅਤੇ ਪਿਆਜ਼ (30.42%) ਸਨ। ਇਸ ਤੋਂ ਇਲਾਵਾ ਨੈਸ਼ਨਲ ਸਟੈਟਿਸਟਿਕ ਆਫਿਸ (ਐਨ.ਐਸ.ਓ.) ਦੇ ਅੰਕੜਿਆਂ ਅਨੁਸਾਰ ਉਦਯੋਗਿਕ ਪੁਦਰਸ਼ਨ ਦਾ ਮਾਪ ਉਦਯੋਗਿਕ ਉਤਪਾਦਨ ਸੂਚਕ ਅੰਕ (ਆਈ.ਆਈ.ਪੀ.) ਜਨਵਰੀ 2025 'ਚ 5 ਫੀ ਸਦੀ ਵਧਿਆ। ਦਸੰਬਰ 2024 ਦੇ ਉਦਯੋਗਿਕ ਉਤਪਾਦਨ ਦੇ ਅੰਕੜੇ ਨੂੰ 3.2% ਤੋਂ ਵਧਾ ਕੇ 3.5% ਕਰ ਦਿਤਾ ਗਿਆ ਸੀ। ਜਨਵਰੀ 2024 'ਚ ਆਈ.ਆਈ.ਪੀ. 'ਚ 4.2 ਫੀ ਸਦੀ ਦਾ ਵਾਧਾ ਹੋਇਆ ਸੀ। ਚਾਲੂ ਵਿੱਤੀ ਸਾਲ ਦੇ ਅਪ੍ਰੈਲ-ਜਨਵਰੀ 'ਚ ਆਈ.ਆਈ.ਪੀ. 'ਚ 4.2 ਫੀ ਸਦੀ ਦਾ ਵਾਧਾ ਹੋਇਆ ਹੈ, ਜੋ ਪਿਛਲੇ ਸਾਲ ਦੇ 6 ਫੀ ਸਦੀ ਦੇ ਮੁਕਾਬਲੇ ਘੱਟ ਹੈ। ਜਨਵਰੀ 2025 'ਚ ਨਿਰਮਾਣ ਖੇਤਰ ਦਾ ਉਤਪਾਦਨ 5.5 ਫੀ ਸਦੀ ਵਧਿਆ, ਜਦਕਿ ਖਣਨ ਉਤਪਾਦਨ 'ਚ ਵਾਧਾ ਘਟ ਕੇ 4.4 ਫੀ ਸਦੀ ਰਹਿ ਗਿਆ। ਦੋਵੇਂ ਅੰਕੜੇ ਸ਼ੇਅਰ ਬਾਜ਼ਾਰ ਬੰਦ ਹੋਣ ਮਗਰੋਂ ਆਏ ਸਨ। ਐਨ ਮੁੰਬਈ ਸਥਿਤ ਸੈਂਸੈਕਸ 'ਚ 72 ਅੰਕਾਂ ਦੀ ਗਿਰਾਵਟ ਆਈ, ਜੋ ਕਿ ਸੂਚਕ ਅੰਕ 'ਚ ਲਗਾਤਾਰ ਚੌਥੇ ਦਿਨ ਦੀ ਗਿਰਾਵਟ ਹੈ। ਅੰਸ ਸੈਂਸੈਕਸ 74,029.76 ਤੇ ਬੰਦ ਹੋਇਆ। ਅਮਰੀਕਾ 'ਚ ਵਿਕਾਸ ਦਰ 'ਤੇ ਚਿੰਤਾਵਾਂ ਕਾਰਨ ਆਈ.ਟੀ. ਸ਼ੇਅਰਾਂ 'ਚ ਗਿਰਾਵਟ ਜਾਰੀ ਰਹੀ। ਐਨ.ਐਸ.ਈ. ਵੀ ਅੱਜ 27.40 ਅੰਕਾਂ ਡਿੱਗ ਕੇ 22,470.50 'ਤੇ ਬੰਦ ਹੋਇਆ।

ਪੰਜਾਬ ਕਾਂਗਰਸ ਦੇ ਪ੍ਰਮੁਖ ਆਗੂ ਅੱਜ ਦਿੱਲੀ ਸੱਦੇ

ਉਨ੍ਹਾਂ ਪੂਦੇਜ਼ ਕਾਂਗਰਸ ਦੇ ਯੂਥ ਪੱਧਰ ਤਕ ਮਨਰਗਡਨ ਦੀ ਰੀਲ ਕਰਿ ਕੇ ਅੱਗੇ ਜਾ ਕੇ ਬਦਲਾਅ ਦੇ ਸਿੱਕਤ ਸੁਰੂ ਦਿਤੇ ਸਨ। ਇਸ ਸਮੇਂ ਭਾਜਪਾ ਵੀ ਪੰਜਾਬ ਵਿਚ ਮਿਸ਼ਨ 2027 ਦੀ ਸਫ਼ਲਤਾ ਲਈ ਪੂਰੀ ਸਰਗਰਮ ਹੋ ਚੁਕੀ ਹੈ ਅਤੇ ਕਾਂਗਰਸ ਵੀ ਅਪਣੀ ਮੁਹਿਮ ਸਾਰੇ ਆਗੂਆਂ ਨੂੰ ਇਕਜੁਟ ਕਰ ਕੇ ਤੇਜ਼ ਕਰਨਾ ਚਾਹੁੰਦੀ ਹੈ ਕਿਉਂਕਿ ਇਸ ਸਮੇਂ ਪਾਰਟੀ ਨੂੰ ਮਾਹੌਲ ਅਪਣੇ ਪੱਖ ਵਿਚ ਦਿਸ ਰਿਹਾ ਹੈ। 2022 ਵਿਚ ਪਾਰਟੀ ਧੜੇਬੰਦੀ ਕਾਰਨ ਹੀ 'ਆਪ' ਦੇ ਮੁਕਾਬਲੇ ਬਹੁਤ ਪੌਛੜ ਗਈ ਸੀ ਪਰ ਉਸ ਤੋਂ ਬਾਅਦ ਹੋਈਆਂ ਲੋਕ ਸਭਾ ਚੋਣਾਂ ਵਿਚ ਵੱਡੀ ਜਿੱਤ ਹਾਸਲ ਕੀਤੀ ਹੈ। ਸਥਾਨਕ ਚੋਣਾਂ ਵਿਚ ਵੀ ਕਾਂਗਰਸ ਨੂੰ ਚੰਗੀ ਸਫ਼ਲਤਾ ਮਿਲੀ ਹੈ ਭਾਵੇਂਕਿ ਮੇਅਰ ਸੌਤਾਧਿਕ ਬਣਾ ਗਈ ਹੈ। ਪੰਜਾਬ ਕਾਂਗਰਸ ਇਚਾਰਜ ਬਘੇਲ ਅਤੇ ਪ੍ਰਧਾਨ ਵੜਿੰਗ ਦੇ ਦਾਅਵਿਆਂ ਦੇ ਬਾਵਜੂਦ ਪੰਜਾਬ ਕਾਂਗਰਸ ਅੰਦਰ ਕਈ ਪੜੇ ਹਨ। ਸੀਨੀਅਰ ਆਗੂ ਭਾਰਤ ਭੂਸ਼ਣ ਆਸ਼ੂ, ਪੁਰਟ ਸਿੰਘ ਅਤੇ ਰਾਣਾ ਗੁਰਜੀਤ ਸਿੰਘ ਵਰਗੇ ਆਗੂਆਂ ਦੇ ਸੁਰ ਵੱਖਰੇ ਹਨ। ਚਰਨਜੀਤ ਸਿੰਘ ਚੰਨੀ ਅਤੇ ਸੁਖਜਿੰਦਰ ਸਿੰਘ ਰੰਧਾਵਾ ਵੀ ਮੌਜੂਦਾ ਲੀਡਿਸ਼ਿਪ ਨਾਲ ਜ਼ਿਆਦਾ ਦਿਖਾਈ ਨਹੀਂ ਦਿੰਦੇ ਭਾਵੇਂਕਿ ਕੁੱਝ ਪ੍ਰੋਗਰਾਮਾਂ ਵਿਚ ਸ਼ਾਮਲ ਜਰੂਰ ਹੋਏ ਹਨ। ਕਾਂਗਰਸ ਹਾਈਕਮਾਨ 2022 ਵਾਲਾ ਮਾਹੌਲ ਨਹੀਂ ਚਾਹੁੰਦੀ ਅਤੇ ਖੜਗੇ ਤੇ ਰਾਹੁਲ ਗਾਂਧੀ ਪੰਜਾਬ ਦੇ ਆਗੂਆਂ ਨੂੰ ਇਕਜੁਟ ਹੋ ਕੇ ਕੰਮ ਕਰਨ ਦੀ ਹੀ ਨਸੀਹਤ ਦੇਣਗੇ। ਭਵਿੱਖ ਦੇ ਪ੍ਰੋਗਰਾਮਾਂ 'ਤੇ ਵੀ ਚਰਚਾ ਹੋਵੇਗੀ।

ਅੰਮ੍ਰਿਤਪਾਲ ਸਿੰਘ ਦੀ ਮੌਬਰੀ ਰਹੇਗੀ ਬਰਕਰਾਰ

'ਤੇ ਲੌਂਦਿਆਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪਟੀਸ਼ਨ ਦਾ ਨਿਬੇੜਾ ਕਰ ਦਿਤਾ ਹੈ। ਅੰਮ੍ਰਿਤਪਾਲ ਸਿੰਘ ਵਲੋਂ ਉਨ੍ਹਾਂ ਨੂੰ ਲੋਕ ਸਭਾ 'ਚ ਪਹੁੰਚਾਉਣ ਦੀ ਹਦਾਇਤ ਕਰਨ ਦੀ ਮੰਗ ਲਈ ਪਟੀਸ਼ਨ ਦਾਖ਼ਲ ਕੀਤੀ ਸੀ। ਪਟੀਸ਼ਨ ਵਿਚ ਮੰਗ ਕੀਤੀ ਸੀ ਕਿ ਜਦੋਂ ਵੀ ਸੈਸ਼ਨ ਸ਼ੁਰੂ ਹੁੰਦਾ ਹੈ, ਉਨ੍ਹਾਂ ਨੂੰ ਸੈਸ਼ਨ ਵਿਚ ਪੇਸ਼ ਕਰਵਾਉਣ ਲਈ ਢੁੱਕਵੀਂ ਹਦਾਇਤ ਕੀਤੀ ਜਾਵੇ। ਅੰਮ੍ਰਿਤਪਾਲ ਸਿੰਘ ਦੇ ਵਕੀਲ ਅਰਾਮੋਸ਼ ਬੈਸ਼ ਨੇ ਬੰਚ ਦਾ ਧਿਆਨ ਦਿਵਾਇਆ ਸੀ ਕਿ ਐਮਪੀ ਅੰਮ੍ਰਿਤਪਾਲ ਸਿੰਘ ਨੂੰ ਲੋਕਸ਼ਾਹ ਸਪੀਕਰ ਵਲੋਂ ਸੈਸ਼ਨ 'ਚ ਸ਼ਾਮਲ ਹੋਣ ਦੇ ਸੰਮਨ ਭੇਜੇ ਜਾਂਦੇ ਰਹੇ ਹਨ ਪਰ ਪੇਸ਼ ਨਹੀਂ ਕੀਤਾ ਗਿਆ ਅਤੇ ਜੇਕਰ ਤੰਝ ਸਮਾਂ ਲੰਘ ਗਿਆ ਤਾਂ ਉਨ੍ਹਾਂ ਦੀ ਲੋਕਸਭਾ ਮੈਂਬਰੀ ਰੱਦ ਹੋ ਜਾਵੇਗੀ।

'ਖੁਲਡੋਜ਼ਰ ਕਾਰਵਈ' ਵਿਰੁਧ ਇਕ ਮੁਲਜ਼ਮ ਪੁੱਜੀ ਹਾਈ ਕੋਰਟ, ਸਰਕਾਰ ਨੂੰ ਨੋਟਿਸ ਜਾਰੀ

ਇਸ ਪਟੀਸ਼ਨ 'ਤੇ ਜਸਟਿਸ ਹਰਕੇਸ਼ ਮਨਚਾਂਦਾ ਦੇ ਬੈਂਚ ਨੇ ਪੰਜਾਬ ਸਕੱਤਰ, ਡੀਸੀ ਤੇ ਐਸਐਸਪੀ ਰੋਪੜ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਮੰਗਿਆ ਹੈ। ਹਾਈ ਕੋਰਟ ਵਲੋਂ ਉਲੇਖਣਾਤ ਨੋਟਿਸ ਜਾਰੀ ਕੀਤੇ ਜਾਣ ਨਾਲ ਪੰਜਾਬ ਸਰਕਾਰ ਦੀ 'ਯੰਗ ਨਸ਼ਿਆਂ ਵਿਰੁੱਧ' ਮੁਹਿਮ ਵਿਵਾਦਾਂ 'ਚ ਘਿਰਦੀ ਨਜ਼ਰ ਆ ਰਹੀ ਹੈ। ਅਸ਼ਲਾ ਕੁਮਾਰੀ ਨਾਮ ਦੀ ਇਕ ਅੰਤਰ ਨੇ ਇਲਜ਼ਾਮ ਲਗਾਇਆ ਹੈ ਕਿ ਪੰਜਾਬ ਸਰਕਾਰ ਨੇ ਬਿਨਾਂ ਨੋਟਿਸ ਦਿਤੇ ਉਸ ਦਾ ਘਰ ਢਾਹ ਦਿਤਾ ਹੈ, ਜਿਸ 'ਤੇ ਪੰਜਾਬ-ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਮੰਗਿਆ ਹੈ।

ਦੀਪਕ ਬਾਲੀ ਨੇ ਸੈਰ ਸਪਾਟਾ ਤੇ ਸਭਿਆਚਾਰਕ ਮਾਮਲਿਆਂ ਦੇ ਵਿਭਾਗ ਦੇ ਸਲਾਹਕਾਰ ਵਜੋਂ ਅਹੁਦਾ ਸੰਭਾਲਿਆ

ਦਿਤੀ ਹੈ, ਉਹ ਉਸ ਉੱਤੇ ਪੂਰਾ ਖਰਾ ਉਤਰਨ ਦੀ ਕੋਸ਼ਿਸ਼ ਕਰਨਗੇ। ਇਸ ਮੌਕੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਅਤੇ ਕੈਬਿਨੇਟ ਮੰਤਰੀ ਤੇ ਪਾਰਟੀ ਪ੍ਰਧਾਨ ਅਮਨ ਅਰੋੜਾ ਨੇ ਕਿਹਾ ਕਿ ਦੀਪਕ ਬਾਲੀ ਦੇ ਲੰਮੇ ਸਮਾਜਕ ਤੇ ਸਭਿਆਚਾਰਕ ਤਜਰਬੇ ਦਾ ਫਾਇਦਾ ਪੰਜਾਬ ਨੂੰ ਹੋਵੇਗਾ। ਇਸ ਤੋਂ ਇਲਾਵਾ ਉਨ੍ਹਾਂ ਦਾ ਸਿਆਸੀ ਤਜਰਬਾ ਨਵੀਆਂ ਨੀਤੀਆਂ ਬਣਾਉਣ ਵਿਚ ਸਹਾਈ ਹੋਵੇਗਾ। ਉਨ੍ਹਾਂ ਉਮੀਦ ਕੀਤੀ ਕਿ ਬਾਲੀ ਪੰਜਾਬ ਦੇ ਸਭਿਆਚਾਰਕ, ਕਲਾ ਅਤੇ ਸੈਰ ਸਪਾਟਾ ਖੇਤਰ ਨੂੰ ਨਵੀਆਂ ਉਚਾਈਆਂ 'ਤੇ ਲੈ ਕੇ ਜਾਣਗੇ।

ਇਸ ਮੌਕੇ ਸੈਰ ਸਪਾਟਾ ਮੰਤਰੀ ਤੁਰਨਪ੍ਰੀਤ ਸਿੰਘ ਸੌਦ, ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ, ਮੋਹਿਦਰ ਭਗਤ ਤੇ ਹਰਦੀਪ ਸਿੰਘ ਮੁੰਡੀਆਂ, ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਪੰਜਾਬ ਸਰਕਾਰ ਦੇ ਵੱਖ ਵੱਖ ਬੋਰਡਾਂ/ਕਾਰਪੋਰੇਸ਼ਨਾਂ ਦੇ ਚੇਅਰਪਰਸਨ ਸਨੀ ਆਹਲੂਵਾਲੀਆ, ਨਵਜੋਤ ਸਿੰਘ ਜਰਗ, ਬਾਲ ਮੁਕੰਦ ਸ਼ਰਮਾ, ਰਾਜਵਿੰਦਰ ਕੌਰ ਬਿਆਸਣ ਅਤੇ ਸੋਗੀਤਕ ਤੇ ਕਲਾ ਖੇਤਰ ਦੀਆਂ ਅਹਿਮ ਸ਼ਖ਼ਸੀਅਤਾਂ ਰੋਸ਼ਨ ਪ੍ਰਿੰਸ, ਅਮਰ ਨੂਰੀ, ਜਸਬੀਰ ਗੁਣਾਚੌਰੀਆ, ਅਲਾਪ ਸਿਕੰਦਰ, ਸਾਰੰਗ ਸਿਕੰਦਰ, ਸਚਿਨ ਅਹੂਜਾ, ਸੁੱਖੀ ਬਰਾੜ, ਪੰਮੀ ਬਾਈ ਅਤੇ ਸੋਨੀਆ ਮਾਨ ਹਾਜ਼ਰ ਸਨ।

ਸਫ਼ਾ 3 ਦੀਆਂ ਬਾਕੀਆਂ

ਪ੍ਰੰਪਰਾਵਾਂ ਦਾ ਧਾਣ ਦੇਖ ਕੇ ਹਰ ਸਿੱਖ ਚਿੰਤਤ : ਗਿਆਨੀ ਹਰਪ੍ਰੀਤ ਸਿੰਘ

ਸ੍ਰੀ ਅਨੰਦਪੁਰ ਸਾਹਿਬ ਵਿਖੇ ਰਾਤ ਦੇ ਹਨੇਰੇ 'ਚ ਜਥੇਦਾਰ ਦੀ ਤਾਜਪੋਸ਼ੀ ਜਿਸ ਤਰ੍ਹਾਂ ਕੀਤੀ ਗਈ ਮਰਿਆਦਾ ਤੇ ਸਿੱਖੀ ਸਿਧਾਂਤਾਂ ਦਾ ਘਾਣ ਹੋ ਕਰ ਦਿਤਾ ਹੈ। ਉਨ੍ਹਾਂ ਕਿਹਾ ਕਿ ਜੋ ਕੁੱਝ ਵੀ ਮੰਜੂਦਾ ਸਮੇਂ ਵਾਪਰ ਰਿਹਾ ਇਸਦਾ ਕਾਰਨ ਸਾਰਿਆਂ ਨੂੰ ਭੇਜੇ ਤਾਂ ਪਤਾ ਹੀ ਹੈ ਕਿ 2 ਦਸੰਬਰ ਦੇ ਹੁਕਮਨਾਮੇ ਵਿਚਲੇ ਕੁੱਝ ਇਨ੍ਹਾਂ ਨੂੰ ਮੰਜੂਰ ਨਹੀ ਸੀ। ਇਸੇ ਕਰ ਕੇ ਉਨ੍ਹਾਂ ਨੇ ਮੀਡੀਆ ਤੇ ਬਾਕੀ ਸਿੱਖ ਸਾਹਿਬਾਨਾਂ ਨੂੰ ਅਪੀਲ ਤੋਂ ਹਟਾਇਆ। ਉਨ੍ਹਾਂ ਕਿਹਾ ਕਿ 2 ਤਰੀਕ ਤੋਂ ਪਹਿਲਾਂ ਮੈਂ ਹਰ ਪਾਸਿਓਂ ਰੋਕਾ ਸੀ ਤੇ ਜਦੋਂ ਇਨ੍ਹਾਂ ਦੀ ਸਿਧਾਂਤਾਂ ਦਾ ਘਾਣ ਕਰਨ ਵਾਲੀ ਗੱਲ ਨਹੀਂ ਮੰਨੀ ਤਾਂ ਇਨ੍ਹਾਂ ਨੇ ਕਿਰਦਾਰਕੁਸ਼ੀ ਕਰ ਕੇ ਮੈਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ।

ਸ਼੍ਰੋਮਣੀ ਕਮੇਟੀ ਮੌਬਰ ਗੁਰਪ੍ਰੀਤ ਸਿੰਘ ਰੰਧਾਵਾ ਨੇ ਨਵੇਂ ਸਬੰਦਾਂ ਦੀ ਦਸਤਾਰਬੰਦੀ 'ਤੇ ਪ੍ਰਗਟਾਇਆ ਇਤਰਾਜ਼

ਕੁਲਦੀਪ ਸਿੰਘ ਗੜਗਜੱਜ ਕੌਮ ਦੀ ਅਗਵਾਈ ਕਰਨ ਵਾਲੇ ਨੂੰ ਤਾਂ ਮਦਰ ਮੰਨਦੇ ਜੋਰਦ ਦਿਤੇ ਸਾਂ ਅਨੁਸਾਰ ਸ੍ਰੀ ਅਨੰਦਪੁਰ ਸਾਹਿਬ ਸਾਹਮਣੇ ਖੜੇ ਹੋ ਕੇ ਅਪਣੀ ਦਸਤਾਰਬੰਦੀ ਕਰਵਾਉਣਾ, ਫੋਰ ਪਤਾ ਲੰਗਣਾ ਸੀ ਕਿ ਅਸਲ ਵਿਚ ਇਹ ਜਰਨੈਲ ਹੈ। ਪਰ ਜਿਹੜਾ ਮੈਦਾਨ ਛੱਡ ਕੇ ਭੱਜਦੇ ਹਨ ਉਹ ਜਰਨੈਲ ਨਹੀਂ ਕਾਇਰ ਹੁੰਦਾ ਹੈ, ਕਾਇਰ ਬੰਦੇ ਕਦੇ ਕੌਮ ਦੀ ਅਗਵਾਈ ਨਹੀਂ ਕਰ ਸਕਦੇ।

ਗੈਰ ਕਾਨੂੰਨੀ ਤਰੀਕੇ ਨਾਲ ਬਣਾਈ ਇਮਾਰਤ ਢਾਹੀ

ਜਾਏਗਾ ਅਤੇ ਜੇਕਰ ਕਿਸੇ ਨੇ ਸਰਕਾਰੀ ਸੌਂਪੱਤੀ 'ਤੇ ਕੋਈ ਇਮਾਰਤ ਬਣਾਈ ਤਾਂ ਉਸ ਨੂੰ ਨਜ਼ਰ ਕਰ ਦਿਤਾ ਜਾਵੇਗਾ। ਉਨ੍ਹਾਂ ਇਸ ਮੌਕੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਜੇਕਰ ਕੋਈ ਨਸ਼ੇ ਵੇਚਦਾ ਹੈ ਤਾਂ ਇਸ ਦੀ ਸੂਚਨਾ ਪੁਲਿਸ ਨੂੰ ਨਿਡਰ ਹੋ ਕੇ ਦਿਤੀ ਜਾਵੇ, ਸੂਚਨਾ ਦੇਣ ਵਾਲੇ ਦੀ ਪਹਿਚਾਣ ਗੁਪਤ ਰੱਖਣੇ ਹੋਏ ਦੋਸ਼ੀਆਂ ਵਿਰੁਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਸੁਖਪਾਲ ਖਹਿਰਾ ਦੀ ਜਾਇਦਾਦ ਅਟੈਚ

ਸਰੋਤ ਤੋਂ ਕੋਈ ਨੋਟਿਸ ਨਹੀਂ ਮਿਲਿਆ, ਜੇਕਰ ਮੁਖਰ ਸਾਹੀ ਵੀ ਹੈ ਤਾਂ ਮੀਡੀਆ ਨੂੰ ਮੁਖਰਾਂ ਜਾਰੀ ਕਰਨ ਦੀ ਬਜਾਏ ਮੈਨੂੰ ਸੂਚਿਤ ਕੀਤਾ ਜਾਣਾ ਚਾਹੀਦਾ ਸੀ। ਤੁਹਾਨੂੰ ਦੱਸ ਦਈਏ ਕਿ ਈ.ਡੀ ਵਲੋਂ ਸੁਖਪਾਲ ਖਹਿਰਾ ਉਤੇ ਵੱਡੀ ਕਾਰਵਾਈ ਕਰਦਿਆਂ ਉਨ੍ਹਾਂ ਦੀ ਚੰਡੀਗੜ੍ਹ ਵਾਲੀ ਕੋਠੀ ਅਟੈਚ ਕੀਤੀ ਗਈ ਹੈ। ਇਸ ਕੋਠੀ ਦੀ ਕੀਮਤ 3 ਕਰੋੜ 82 ਲੱਖ ਹੁਪਏ ਦੱਸੀ ਜਾ ਰਹੀ ਹੈ।

ਗੋਸ਼ ਪਾਈਪਲਾਈਨ ਵਿਵਾਦ ਕਾਰਨ ਕਿਸਾਨਾਂ ਤੇ ਪੁਲਿਸ ਵਿਚਾਲੇ ਝੜਪ

'ਤੇ ਜਿਲ੍ਹੇ ਭਰ ਤੋਂ ਕਿਸਾਨ ਤੇ ਬੀਬੀਆਂ ਵੱਡੀ ਗਿਣਤੀ ਵਿਚ ਭਾਕਿਯੂ (ਉਗਰਾਹਾਂ) ਦੇ ਝੰਡੇ ਹੇਠ ਪਿੰਡ ਦੇ ਗੁਰਦੁਆਰਾ ਸਾਹਿਬ 'ਚ ਇਕੱਠੇ ਹੋਏ। ਉਹਨਾਂ ਨੂੰ ਖੇਤਾਂ ਵਲ ਚਾਲੇ ਪਾ ਦਿਤੇ ਤਾਂ ਪੁਲਿਸ ਨੇ ਕੋਸ਼ਿਸ਼ ਕੀਤੀ ਕਿ ਕਿਸਾਨ ਖੇਤਾਂ ਵਲ ਨਾ ਜਾਣ ਅਤੇ ਡਾ ਜਸਪਿਦਰ ਨਰੂਲਾ ਨੂੰ ਕਲਾ ਰਤਨ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਮੋਰ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟ